# ਡਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ, ਫਿਰੋਜਪੁਰ, ਮਾਨਸਾ, ਮੁਕਤਸਰ,
ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ,

ਮੀਮੋ ਨੰ:1/SSA/KGBV/2011/72578-72584
ਮਿਤੀ, ਚੰਡੀਗੜ੍ਹ: 16.05.2011

**ਵਿਸ਼ਾ: ਸਾਲ 2011-12 ਦੌਰਾਨ KGBV ਸਕੀਮ ਨੂੰ ਲਾਗੂ ਕਰਨ ਸਬੰਧੀ ਦਿਸ਼ਾ ਨਿਰਦੇਸ਼।**

**1.0** ਆਪ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਸਕੀਮ ਅਧੀਨ ਸਾਲ 2011-12 ਦੌਰਾਨ ਪੰਜਾਬ ਰਾਜ ਦੇ 22 KGBV ਹੋਸਟਲਾਂ ਲਈ 2089.89 ਕੋਰੜ ਰੁਪਏ ਦੀ ਗ੍ਰਾਂਟ ਮੰਜ਼ੂਰ ਹੋਈ ਹੈ, ਇਨ੍ਹਾਂ KGBVs ਦਾ ਵੇਰਵਾ ਹੇਠ ਅਨੁਸਾਰ ਹੈ:

| Sr. No. | District | Eligible Blocks | Location of KGBV |
|---|---|---|---|
| 1 | Bathinda | Sangat | GHS GHUDA |
| 2 | | Talwandi Sabo | GSSS Talwandi Sabo |
| 3 | | Mandi Phul West | GHS (Girls) Mandi Kalan |
| 4 | Ferozepur | Khuhian Sarver | GSSS Dharampura |
| 5 | | Abohar | GSSS Kundal |
| 6 | | Fazilka | GSSS (Girls) Fazilka |
| 7 | | Jalalabad | GSSS (Girls) Jalalabad |
| 8 | | Mamdot | GSSS (Girls) Mamdot |
| 9 | | Ferozepur | GSSS (Girls) Ferozepur City |
| 10 | Mansa | Mansa | GSSS (Girls) Mansa |
| 11 | | Budlada-I | GSSS (Girls) Budlada |
| 12 | | Budlada-II at Bareta | GHS (Girls) Bareta |
| 13 | | Jhunir-I | GSSS Jhunir |
| 14 | | Jhunir-II at Sardulgarh | GSSS (Girls) Sardulgarh |
| 15 | Muktsar | Lambi | GSSS Badal |
| 16 | | Muktsar | GSSS (Girls) Rupana |
| 17 | Patiala | Samana-I | GSSS (Boys) Co-Education 11th & 12th Samana |
| 18 | Sangrur | Lehra Gaga | Lehra Gaga |
| 19 | | Anndana | GHS (Girls) Munak |
| 20 | | Saunam | GSSS (Girls) Sunam |
| | | Malerkotla | Bhogiwal |
| 21 | Tarn Taran | Valtoha | GHS (Girls) Valtoha |

2.0 ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਸਾਲ 2010-11 ਦੌਰਾਨ ਜੋ 19 KGBV ਪ੍ਰਵਾਨ ਹੋਏ ਸਨ ਉਨ੍ਹਾਂ ਲਈ ਵਿਸਤ੍ਰਿਤ ਦਿਸ਼ਾ ਨਿਰਦੇਸ਼ ਇਸ ਦਫ਼ਤਰ ਦੇ ਪੱਤਰ ਨੰਬਰ:kw/SSA/RS/2010-11/369-402 ਮਿਤੀ: 03.01.2011 ਰਾਹੀਂ ਆਪ ਜੀ ਨੂੰ ਪਹਿਲਾਂ ਹੀ ਜਾਰੀ ਕਰ ਦਿੱਤੇ ਗਏ ਹਨ। ਇਨ੍ਹਾਂ KGBVs ਲਈ ਸਥਾਈ ਬਿਲਡਿੰਗ ਦੀ ਉਸਾਰੀ ਲਈ ਰਾਸ਼ੀ ਇਸ ਸਾਲ ਦੌਰਾਨ ਪ੍ਰਵਾਨ ਹੋ ਗਈ ਹੈ। ਇਸ ਲਈ ਇਨ੍ਹਾਂ ਹਾਸਟਲਾਂ ਨੂੰ ਸਿਰਫ ਸਾਲ 2011-12 ਦੌਰਾਨ ਹੀ ਕਿਰਾਏ ਦੀ ਬਿਲਡਿੰਗ ਵਿਚ ਚਲਾਇਆ ਜਾਵੇਗਾ ਅਤੇ ਜਲਦ ਤੋਂ ਜਲਦ ਸਥਾਈ ਬਿਲਡਿੰਗ ਦੀ ਉਸਾਰੀ ਕਰਕੇ ਹਾਸਟਲਾਂ ਨੂੰ ਉੱਥੇ ਸ਼ਿਫਟ ਕੀਤਾ ਜਾਵੇਗਾ।

**3.0** 22 KGBV ਹੋਸਟਲਜ਼ ਲਈ ਸਾਲ 2011-12 ਦੌਰਾਨ ਮਨਜ਼ੂਰ ਹੋਈ ਗ੍ਰਾਂਟ ਦਾ ਵੇਰਵਾ ਨਿਮਨ ਲਿਖਿਤ ਹੈ:

**(Rs. in lacs)**

| S. No. | Activity | Unit Cost | Total amount of funds for each & every activity for the year 2011-12 | | | | | | | Total |
|---|---|---|---|---|---|---|---|---|---|---|
| | | | **Bathinda** | **Ferozepur** | **Mansa** | **Muktsar** | **Patiala** | **Sangrur** | **Tarn Taran** | |
| 1 | **Non-recurring (one time grant)** | | | | | | | | | |
| (i) | Construction of Building | 71.00 | 213.00 | 284.00 | 355.00 | 142.00 | 71.00 | 213.00 | 71.00 | 1349.00 |
| (ii) | Furniture / Equipment (including kitchen equipment) | 3.000 | 9.000 | 12.000 | 15.000 | 6.000 | 3.000 | 9.000 | 3.000 | 57.00 |
| (iii) | TLM and equipment including library books | 3.500 | 10.500 | 14.000 | 17.500 | 7.000 | 3.500 | 10.500 | 3.500 | 66.50 |
| (iv) | Bedding | 0.750 | 2.250 | 3.000 | 3.750 | 1.500 | 0.750 | 2.250 | 0.750 | 14.25 |
| | **Sub Total Non-recurring** | **78.250** | **234.75** | **313.00** | **391.25** | **156.50** | **78.250** | **234.75** | **78.250** | **1486.75** |
| 2 | **Recurring** | | | | | | | | | |
| (i) | Maintenance per girl Per month @ Rs. 900/- | 10.800 | 32.40 | 64.80 | 54.00 | 21.60 | 10.80 | 43.20 | 10.80 | 237.60 |
| (ii) | Stipend per girl per month @ Rs.50/- | 0.600 | 1.80 | 3.60 | 3.00 | 1.20 | 0.60 | 2.40 | 0.60 | 13.20 |
| (iii) | Supplementary TLM, Stationary and Other Educational material | 0.600 | 1.80 | 3.60 | 3.00 | 1.20 | 0.60 | 2.40 | 0.60 | 13.20 |
| (iv) | Examination Fee | 0.020 | 0.06 | 0.12 | 0.10 | 0.04 | 0.020 | 0.08 | 0.020 | 0.44 |
| (v) | Salaries | 8.00 | 24.00 | 48.00 | 40.00 | 16.00 | 8.00 | 32.00 | 8.00 | 176.00 |
| (vi) | Vocational training / specific skill trg | 0.500 | 1.50 | 3.00 | 2.500 | 1.00 | 0.500 | 2.00 | 0.50 | 11.00 |
| (vii) | Electricity / water charges | 0.600 | 1.80 | 3.60 | 3.00 | 1.20 | 0.600 | 2.40 | 0.60 | 13.20 |
| (viii) | Medical care /contingencies@Rs. 750 per girl | 0.750 | 2.25 | 4.50 | 3.75 | 1.50 | 0.750 | 3.00 | 0.750 | 16.50 |
| (ix) | Maintenance | 0.400 | 1.20 | 2.40 | 2.00 | 0.80 | 0.40 | 1.60 | 0.400 | 8.80 |
| (x) | Miscellaneous | 0.400 | 1.20 | 2.40 | 2.00 | 0.80 | 0.40 | 1.60 | 0.400 | 8.80 |
| (xi) | Preparatory camps | 0.150 | 0.45 | 0.90 | 0.75 | 0.30 | 0.150 | 0.60 | 0.150 | 3.30 |
| (xii) | P.T.A / school functions | 0.150 | 0.45 | 0.90 | 0.75 | 0.30 | 0.150 | 0.60 | 0.150 | 3.30 |
| (xiii) | Provision of Rent | 4.80 | 14.40 | 19.20 | 24.00 | 9.60 | 4.80 | 14.40 | 4.80 | 91.20 |
| (xiv) | Capacity Building | 0.300 | 0.900 | 1.80 | 1.50 | 0.60 | 0.30 | 1.20 | 0.30 | 6.60 |
| | **Sub Total Recurring** | | **84.21** | **158.82** | **140.35** | **56.14** | **28.07** | **107.48** | **28.07** | **603.14** |
| | **Total - KGBV** | | **318.96** | **471.82** | **531.60** | **211.14** | **99.07** | **342.23** | **106.32** | **2089.89** |

4.0 ਇਨ੍ਹਾਂ KGBV ਹਾਸਟਲਾਂ ਲਈ ਗ੍ਰਾਂਟ ਰੈਕਰਿੰਗ ਅਤੇ ਨਾਨ ਰੈਕਰਿੰਗ ਗਤੀਵਿਧੀਆਂ ਲਈ ਪ੍ਰਾਪਤ ਹੋਈ ਹੈ, ਜਿਨ੍ਹਾਂ ਦਾ ਵੇਰਵਾ **ਪੁਆਇੰਟ** 3 ਤੇ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਫੰਡਾਂ ਦੀ ਵਰਤੋਂ ਬਾਰੇ ਹਦਾਇਤਾਂ ਹੇਠ ਅਨੁਸਾਰ ਹਨ:

ੳ) **ਸਾਲ 2011-12 ਲਈ KGBV Hostels ਲਈ ਨਾਨ-ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:** ਸਾਲ 2011-12 ਦੌਰਾਨ ਨਾਨ ਰੈਕਰਿੰਗ ਗ੍ਰਾਂਟ ਸਿਰਫ 19 KGBV ਹਾਸਟਲਾਂ ਲਈ ਮਿਲੀ ਹੈ ਜੋ ਕਿ ਸਾਲ 2010-11 Supplementary RTE Plan ਦੌਰਾਨ ਪ੍ਰਵਾਨ ਹੋਏ ਸਨ। ਨਾਨ-ਰੈਕਰਿੰਗ ਗ੍ਰਾਂਟ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

i) **Construction of Building :- @ Rs. 71.00 lacs per KGBV**
ਇਸ ਗ੍ਰਾਂਟ ਦੀ ਵਰਤੋਂ ਬਿਲਡਿੰਗ ਦੀ ਉਸਾਰੀ, ਬਾਊਂਡਰੀ wall ਦੀ ਉਸਾਰੀ, Boring/Handpump ਅਤੇ Electricity/Water Charges ਲਈ ਕੀਤੀ ਜਾਵੇਗੀ।

ii) **Furniture/Equipment (including Kitchen Equipment) @ Rs. 3.00 lac per KGBV:**
ਇਸ ਗ੍ਰਾਂਟ ਦੀ ਵਰਤੋਂ ਫਰਨੀਚਰ ਜਿਵੇਂ ਕਿ ਬੈੱਡ, ਕੁਰਸੀ, ਮੇਜ, ਰਸੋਈ ਦੇ ਬਰਤਨ, ਗੈਸ ਚੁਲਾ, ਸਿਲੰਡਰ ਆਦਿ ਖਰੀਦਣ ਲਈ ਕੀਤੀ ਜਾਣੀ ਹੈ।

iii) **TLM and Equipment including Library Books @ Rs. 3.5 lac per KGBV:**
ਇਸ ਗ੍ਰਾਂਟ ਦੀ ਵਰਤੋਂ TLM ਅਤੇ ਲਾਇਬ੍ਰੇਰੀ ਕਿਤਾਬਾਂ ਲਈ ਕੀਤੀ ਜਾਣੀ ਹੈ।

iv) **Bedding @ Rs. 75,000/- per KGBV:**
ਇਸ ਗ੍ਰਾਂਟ ਦੀ ਵਰਤੋਂ ਲੜਕੀਆਂ ਦੇ ਬਿਸਤਰੇ ਖਰੀਦਣ ਲਈ ਕੀਤੀ ਜਾਣੀ ਹੈ।

ਅ) **ਸਾਲ 2011-12 ਦੌਰਾਨ KGBV Hostels ਲਈ ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:**
ਸਾਲ 2011-12 ਦੌਰਾਨ ਰੈਕਰਿੰਗ ਗ੍ਰਾਂਟ ਦੀ ਵਰਤੋਂ ਸਬੰਧੀ ਗਤੀਵਿਧੀ ਅਨੁਸਾਰ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:

i) **Maintenance @ Rs. 900/- per girl per month :**
ਇਹ ਰਾਸ਼ੀ ਲੜਕੀਆਂ ਦੇ ਖਾਣਪੀਣ ਦੇ ਸਮਾਨ ਅਤੇ ਯੂਨੀਫਾਰਮ ਲਈ ਵਰਤੀ ਜਾਣੀ ਹੈ। ਇਸ ਰਾਸ਼ੀ ਵਿਚੋਂ 1200/- ਰੁਪਏ ਪ੍ਰਤੀ ਲੜਕੀ ਯੂਨੀਫਾਰਮ (once in a year) ਖਰੀਦਣ ਲਈ ਖਰਚੀ ਜਾਣੀ ਹੈ।

ii) **Stipend @ Rs. 50/- per girl student per month: (Rs. 60,000 per KGBV)**

ਨੇੜਲੇ nationalized banks ਵਿਚ ਲੜਕੀਆਂ ਦੇ saving account ਖੁਲਵਾ ਕੇ 50 ਰੁਪਏ ਪ੍ਰਤੀ ਮਹੀਨੇ ਉਹਨਾਂ ਦੇ ਖਾਤੇ ਵਿੱਚ ਜਮ੍ਹਾਂ ਕਰਵਾਏ ਜਾਣਗੇ ਅਤੇ ਕੇ.ਜੀ.ਬੀ.ਵੀ ਹੋਸਟਲ ਛੱਡਣ ਤੇ ਉਹਨਾਂ ਨੂੰ ਇਹ ਰਾਸ਼ੀ ਦਿੱਤੀ ਜਾਵੇਗੀ।

**ii) Supplementary TLM, Stationery and other Educational material @ Rs. 50/- per girl student per month : (Rs. 60,000 per KGBV)**

ਇਹ ਰਾਸ਼ੀ ਹੋਸਟਲ ਵਿੱਚ ਰਹਿ ਰਹੀਆਂ ਲੜਕੀਆ ਨੂੰ ਸਟੇਸ਼ਨਰੀ (ਨੋਟ ਬੁੱਕ, ਪੈਨਸਿਲ,ਪੈਨ, ਜਮੈਟਰੀ ਬੋਕਸ) ਅਤੇ ਹੋਰ ਸਿੱਖਿਆ ਨਾਲ ਸਬੰਧਤ ਮੈਟੀਰੀਅਲ ਦੇਣ ਹਿੱਤ ਵਰਤੀ ਜਾਵੇਗੀ।

**iv) Examination fee ( Rs. 2000/- per KGBV) :**

ਐਗਜ਼ੈਮੀਨੇਸ਼ਨ ਫੀਸ ਜੇ ਕੋਈ ਹੋਵੇ ਤਾਂ ਇਸ ਲਈ 2000 ਰੁਪਏ ਪ੍ਰਤੀ ਕੇ.ਜੀ.ਬੀ.ਵੀ ਦੀ ਰਾਸ਼ੀ ਪ੍ਰਵਾਨਿਤ ਹੈ।

**v) Salaries ( Rs. 8.00 lacs per KGBV):**

ਹੋਸਟਲ ਦੇ ਵਾਰਡਨ, ਅਕਾਊਟੈਂਟ, ਪਾਰਟ ਟਾਈਮ ਇੰਨਸਟ੍ਰਕਟਰਜ਼, ਕੁੱਕ, ਹੈਲਪਰ, ਧੋਬੀ, ਸਵੀਪਰ, ਚਪੜਾਸੀ/ਸੇਵਾਦਾਰ, ਚੌਕੀਦਾਰ ਦਾ ਮਾਣਭੱਤਾ ਇਸ ਹੈੱਡ ਵਿੱਚੋਂ ਦਿੱਤਾ ਜਾਵੇਗਾ। ਸਟਾਫ ਦੀ ਨਿਯੁਕਤੀ ਸਬੰਧੀ ਵਿਸਤ੍ਰਿਤ ਦਿਸ਼ਾ ਨਿਰਦੇਸ਼ ਪੁਆਇੰਟ ਚਾਰ ਉੱਤੇ ਦਿੱਤੇ ਗਏ ਹਨ।

**vi) Vocational Training (Rs. 50,000/- per KGBV):**

ਵੋਕੇਸ਼ਨਲ ਟ੍ਰੇਨਿੰਗ ਅਧੀਨ ਲੜਕੀਆਂ ਨੂੰ ਪੇਂਟਿੰਗ, ਸਿੰਗਿੰਗ, ਫਲਾਵਰ ਮੇਕਿੰਗ ਅਤੇ ਕੰਪਿਊਟਰ ਸਿੱਖਿਆ ਜਾਂ ਕੋਈ ਹੋਰ ਵੋਕੇਸ਼ਨਲ ਸਕਿੱਲਜ਼ ਸਿਖਾਏ ਜਾਣਗੇ।

**vii) Electricity and Water Charges (Rs. 60,000/- per KGBV) :**

ਇਸ grant ਵਿਚੋਂ ਪਾਣੀ ਅਤੇ ਬਿਜਲੀ ਦਾ ਖਰਚਾ ਕੀਤਾ ਜਾਵੇਗਾ।

**viii) Medical Care/ Contingencies @ Rs. 750 per girl per annum (Rs. 75000 per KGBV)**

- ਇਸ ਗਤੀਵਿਧੀ ਹੇਠ ਲੜਕੀਆਂ ਦਾ ਹਰ ਮਹੀਨੇ ਹੈਲਥ ਚੈਕਅੱਪ ਕਰਵਾਇਆ ਜਾਵੇਗਾ ਅਤੇ ਜੇ ਕੋਈ ਬਿਮਾਰੀ ਪਾਈ ਜਾਂਦੀ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇਗਾ।
- ਲੜਕੀਆਂ ਦੇ ਹੈਲਥ ਕਾਰਡ ਬਣਵਾਏ ਅਤੇ ਮੈਨਟੇਨ ਕੀਤੇ ਜਾਣਗੇ।
- ਹੋਸਟਲ ਵਿੱਚ ਲੜਕੀਆਂ ਲਈ First Aid Kit ਰੱਖੀ ਜਾਵੇਗੀ।

**ix) Maintenance (Rs. 40,000/- per KGBV)**

ਹੋਸਟਲ ਦੀ ਕਿਸੇ ਤਰ੍ਹਾਂ ਦੀ ਮੁਰੰਮਤ ਜਾਂ ਮੇਨਟੈਨੱਸ ਦਾ ਖਰਚਾ ਇਸ ਹੈੱਡ ਵਿਚੋਂ ਕੀਤਾ ਜਾਵੇਗਾ।

x) **Miscellaneous (Rs. 40,000/- per KGBV)**

ਲੜਕੀਆਂ ਦੇ ਜਨਮ ਦਿਨ ਮਨਾਉਣਾ ਜਾਂ ਉਨ੍ਹਾਂ ਲਈ ਐਕਸਪੋਜ਼ਰ ਵਿਜ਼ਿਟ ਓਰਗੇਨਾਈਜ਼ ਕਰਨ ਆਦਿ ਦਾ ਖਰਚਾ ਇਸ ਹੈੱਡ ਵਿਚੋਂ ਕੀਤਾ ਜਾਵੇਗਾ।

xi) **Preparatory Camps (Rs. 15,000 per KGBV)**

ਲੜਕੀਆਂ ਲਈ ਪੇਪਰਾਂ ਤੋਂ ਇੱਕ ਮਹੀਨਾ ਪਹਿਲਾਂ Preparatory Camp's ਲਗਾਏ ਜਾਣਗੇ। ਲੜਕੀਆਂ ਨੂੰ ਲੋੜ ਅਨੁਸਾਰ ਜਿਹੜੇ ਵਿਸ਼ੇ ਵਿਚ ਉਹ ਕਮਜ਼ੋਰ ਹੋਣ ਉਸ ਵਿਸ਼ੇ ਦੀ ਤਿਆਰੀ ਕਰਵਾਈ ਜਾਵੇਗੀ।

xii) **Provision of Rent ( Rs. 4.80 lac per KGBV)**

ਇਸ ਗ੍ਰਾਂਟ ਅਧੀਨ KGBV ਹਾਸਟਲ ਲਈ ਅਸਥਾਈ ਬਿਲਡਿੰਗ ਦਾ ਪ੍ਰਬੰਧ ਕਿਰਾਏ ਤੇ ਕੀਤਾ ਜਾ ਸਕਦਾ ਹੈ। ਇਹ ਗ੍ਰਾਂਟ ਸਿਰਫ ਨਵੇਂ 19 KGBV ਹਾਸਟਲਾਂ ਲਈ ਉਪਲੱਬਧ ਹੈ।

xiii) **PTAs/School Functions (Rs. 15,000/- per KGBV)**

- ਹਰ ਮਹੀਨੇ ਲੜਕੀਆਂ ਦੇ ਮਾਤਾ-ਪਿਤਾ ਨਾਲ ਇੱਕ ਮੀਟਿੰਗ ਰੱਖੀ ਜਾਵੇਗੀ। ਇਸ ਮੀਟਿੰਗ ਵਿਚ ਸਮੂਹ ਸਕੂਲ ਅਧਿਆਪਕਾਂ ਵੱਲੋਂ ਉਹਨਾਂ ਨੂੰ ਉਹਨਾਂ ਦੀਆਂ ਬੱਚੀਆਂ ਦੇ ਵਿਵਹਾਰ ਅਤੇ performance ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਨਾਲ ਹੀ ਬੱਚੀਆਂ ਨੂੰ ਆਪਣੇ ਮਾਤਾ-ਪਿਤਾ ਨਾਲ ਚੰਗੀ ਤਰ੍ਹਾਂ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਲੜਕੀਆਂ ਲਈ ਵੱਖ-ਵੱਖ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਜਾਣਗੀਆਂ ਅਤੇ best performers ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਨ੍ਹਾਂ functions ਵਿਚ ਬੱਚੀਆਂ ਦੇ parents ਨੂੰ ਵੀ ਸੱਦਿਆ ਜਾ ਸਕਦਾ ਹੈ।

xiv) **Capacity Building (Rs. 30,000 per KGBV)**

ਇਸ ਅਧੀਨ ਬੱਚਿਆਂ ਦੇ ਮਾਪੇ ਅਤੇ community ਦੇ ਹੋਰ ਲੋਕਾਂ ਨੂੰ ਲੜਕੀਆਂ ਦੀ ਸਿੱਖਿਆ ਅਤੇ ਸਿਹਤ ਦੀ ਮਹੱਤਤਾ ਅਤੇ ਇਨ੍ਹਾਂ ਨਾਲ ਜੁੜੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਵਾਇਆ ਜਾਵੇਗਾ। ਹੋਸਟਲ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਆਪਣੀਆਂ ਬੱਚੀਆਂ ਨੂੰ ਹੋਸਟਲ ਵਿਚ ਰੱਖ ਕੇ ਪੜ੍ਹਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

**5.0** KGBV ਹਾਸਟਲਾਂ ਦੀ staffing ਸਬੰਧੀ ਦਿਸ਼ਾ ਨਿਰਦੇਸ਼:- ਹਰੇਕ KGBV ਹਾਸਟਲ ਦੀ staffing ਲਈ 8.00 ਲੱਖ ਰੁਪਏ ਦੀ ਗ੍ਰਾਂਟ ਮੰਜੂਰ ਹੋਈ ਹੈ। ਸਟਾਫ ਦੀ ਭਰਤੀ ਸਬੰਧੀ ਅਤੇ ਮਾਣਭੱਤੇ ਸਬੰਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

(i) **50 ਬੱਚਿਆਂ ਲਈ:-** ਹਰੇਕ ਹਾਸਟਲ ਲਈ ਇੱਕ ਵਾਰਡਨ, ਇੱਕ ਅਕਾਊਟੈਂਟ, ਦੋ part-time ਇੰਨਸਟ੍ਰਕਟਰ, ਇੱਕ ਕੁੱਕ, ਇੱਕ ਹੈਲਪਰ (ਰਸੋਈ ਵਿੱਚ), ਇੱਕ ਸਵੀਪਰ, ਇੱਕ ਧੋਬੀ, ਇੱਕ ਚੌਂਕੀਦਾਰ ਅਤੇ ਇੱਕ ਚਪੜਾਸੀ/ਸੇਵਾਦਾਰ ਰੱਖਿਆ ਜਾਵੇਗਾ।

**50 ਤੋਂ ਵੱਧ ਬੱਚਿਆਂ ਲਈ:-** ਹਰੇਕ ਹਾਸਟਲ ਲਈ ਇੱਕ ਵਾਰਡਨ, ਇੱਕ ਅਕਾਊਟੈਂਟ, ਤਿੰਨ part-time ਇੰਨਸਟ੍ਰਕਟਰ, ਦੋ ਕੁੱਕ, ਇੱਕ ਹੈਲਪਰ (ਰਸੋਈ ਵਿੱਚ), ਦੋ ਸਵੀਪਰ, ਇੱਕ ਧੋਬੀ, ਇੱਕ ਚੌਂਕੀਦਾਰ ਅਤੇ ਇੱਕ ਚਪੜਾਸੀ ਰੱਖਿਆ ਜਾਵੇਗਾ।

(ii) ਸਟਾਫ ਦੀ ਭਰਤੀ ਸਬੰਧਤ VEDC/ਸਸਵਕ/ਐਸ.ਐਮ.ਸੀ ਵੱਲੋਂ ਆਪਣੇ ਪੱਧਰ ਤੇ ਹੀ ਨਿਰੋਲ ਮੈਰਿਟ ਦੇ ਆਧਾਰ ਤੇ ਪਾਰਦਰਸ਼ੀ ਤਰੀਕੇ ਨਾਲ ਕੀਤੀ ਜਾਵੇਗੀ। ਸਥਾਨਕ ਰਿਹਾਇਸ਼ੀ ਨੂੰ ਤਰਜੀਹ ਦਿੱਤੀ ਜਾਵੇਗੀ।

(iii) ਸਟਾਫ ਦੀ ਯੋਗਤਾ ਅਤੇ ਮਿਹਨਤਾਨਾ ਹੇਠ ਅਨੁਸਾਰ ਹੋਣਗੇ :-

| **ਲੜੀ ਨੰ:** | **ਅਸਾਮੀ ਦਾ ਨਾਂ** | **ਯੋਗਤਾ** | **ਉਮਰ (ਸਾਲਾਂ ਵਿੱਚ)** | **ਅਸਾਮੀਆਂ ਦੀ ਗਿਣਤੀ** | | **ਮਿਹਨਤਾਨਾ** | | **ਵਿਸ਼ੇਸ਼ ਕਥਨ** |
|---|---|---|---|---|---|---|---|---|
| | | | | **50 ਬੱਚਿਆਂ ਲਈ** | **50 ਤੋਂ ਵੱਧ ਬੱਚਿਆਂ ਲਈ** | **50 ਬੱਚਿਆਂ ਲਈ (ਪ੍ਰਤੀ ਅਸਾਮੀ)** | **50 ਤੋਂ ਵੱਧ ਬੱਚਿਆਂ ਲਈ(ਪ੍ਰਤੀ ਅਸਾਮੀ)** | |
| 1 | ਵਾਰਡਨ (01) | ਗਰੈਜੂਏਟ + ਅਕਾਊਂਟਸ ਅਤੇ ਦਫਤਰੀ ਕੰਮ ਵਿੱਚ ਇੱਕ ਸਾਲ ਦਾ ਤਜਰਬਾ | 25-45 | 01 | 01 | 6,000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 8,000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 1. ਵਾਰਡਨ ਇਸਤਰੀ ਹੀ ਹੋਣੀ ਚਾਹੀਦੀ ਹੈ। 2. 24 ਘੰਟੇ ਹਾਸਟਲ ਵਿੱਚ ਹਾਜਰ ਰਹੇਗੀ। |
| 2 | ਅਕਾਊਟੈਂਟ (01) | ਬੀ.ਕਾਮ + ਅਕਾਊਟੈਂਟ ਦੇ ਕੰਮ ਦਾ 1 ਸਾਲ ਦਾ ਤਜਰਬਾ | 25-45 | 01 | 01 | 4,000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 6,000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਹਰੇਕ ਖਰਚੇ ਦਾ ਗਤੀਵਿਧੀ ਵਾਈਜ਼ ਰਿਕਾਰਡ ਰੱਖੇਗਾ ਅਤੇ ਮਹੀਨਾਵਾਰ ਰਿਪੋਰਟ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਭੇਜੇਗਾ। |
| 3 | ਪਾਰਟ ਟਾਈਮ ਇੰਨਸਟ੍ਰਕਟਰ (03) | (ਬੀ.ਏ. + ਬੀ.ਐਡ.) / (ਐਮ.ਏ. + ਬੀ.ਐਡ.) | 25-45 | 02 | 03 | 2000/- ਪ੍ਰਤੀ ਇੰਨਸਟ੍ਰਕਟਰ (ਉੱਕਾ-ਪੁੱਕਾ ਪ੍ਰਤੀ ਮਹੀਨਾ) | 2000/- ਪ੍ਰਤੀ ਇੰਨਸਟ੍ਰਕਟਰ (ਉੱਕਾ-ਪੁੱਕਾ ਪ੍ਰਤੀ ਮਹੀਨਾ) | ਸਕੂਲ ਦੇ ਸਮੇਂ ਤੋਂ ਬਾਅਦ 01-01 ਘੰਟੇ ਪ੍ਰਤੀ ਦਿਨ ਲਈ ਹਾਸਟਲ ਵਿਚ ਬੱਚਿਆਂ ਨੂੰ ਪੜਾਉਣਗੇ। |
| **ਲੜੀ ਨੰ:** | **ਅਸਾਮੀ ਦਾ ਨਾਂ** | **ਯੋਗਤਾ** | **ਉਮਰ (ਸਾਲਾਂ ਵਿੱਚ)** | **ਅਸਾਮੀਆਂ ਦੀ ਗਿਣਤੀ** | | **ਮਿਹਨਤਾਨਾ** | | **ਵਿਸ਼ੇਸ਼ ਕਥਨ** |
| | | | | **50 ਬੱਚਿਆਂ** | **50 ਤੋਂ ਵੱਧ** | **50 ਬੱਚਿਆਂ ਲਈ (ਪ੍ਰਤੀ** | **50 ਤੋਂ ਵੱਧ ਬੱਚਿਆਂ** | |

| | | | | ਲਈ | ਬੱਚਿਆਂ ਲਈ | ਅਸਾਮੀ) | ਲਈ(ਪ੍ਰਤੀ ਅਸਾਮੀ) | |
|---|---|---|---|---|---|---|---|---|
| 4 | ਕੁੱਕ (02) | ਪੰਜਵੀਂ ਪਾਸ + ਖਾਣਾ ਬਣਾਉਣ ਦਾ ਤਜਰਬਾ | 25-45 | 01 | 02 | 6500/- ਪ੍ਰਤੀ ਕੁੱਕ (ਉੱਕਾ-ਪੁੱਕਾ ਪ੍ਰਤੀ ਮਹੀਨਾ) | 6500/- ਪ੍ਰਤੀ ਕੁੱਕ (ਉੱਕਾ-ਪੁੱਕਾ ਪ੍ਰਤੀ ਮਹੀਨਾ) | ਬੱਚਿਆਂ ਲਈ ਸਵੇਰ-ਸ਼ਾਮ ਦੀ ਚਾਹ/ਦੁੱਧ ਅਤੇ ਤਿੰਨੋ ਸਮੇਂ ਦਾ ਖਾਣਾ ਬਣਾਉਣ 'ਤੇ ਵਰਤਾਉਣ ਦਾ ਕੰਮ ਕਰੇਗਾ। |
| 5 | ਹੈਲਪਰ (ਰਸੋਈ ਵਿੱਚ) (01) | ਪੜ੍ਹਨ ਲਿੱਖਣ ਦੀ ਜਾਣਕਾਰੀ | 21-40 | 01 | 01 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 4500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਰਸੋਈ ਦੇ ਹਰੇਕ ਕੰਮ ਵਿਚ ਕੁੱਕ ਦੀ ਮਦਦ ਕਰੇਗਾ ਅਤੇ ਬਰਤਨ ਸਾਫ ਕਰੇਗਾ। |
| 6 | ਧੋਬੀ | ਪੜ੍ਹਨ ਲਿੱਖਣ ਦੀ ਜਾਣਕਾਰੀ | 21-40 | 01 | 01 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 4500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਕਪੜੇ ਧੋਣ/ਪਰੈਸ ਕਰਨ ਦਾ ਕੰਮ ਕਰੇਗਾ। |
| 7 | ਸਵੀਪਰ (02) | ਪੜ੍ਹਨ ਲਿੱਖਣ ਦੀ ਜਾਣਕਾਰੀ | 21-40 | 01 | 02 | 3000/- ਪ੍ਰਤੀ ਸਵੀਪਰ (ਉੱਕਾ-ਪੁੱਕਾ ਪ੍ਰਤੀ ਮਹੀਨਾ) | 3000/- ਪ੍ਰਤੀ ਸਵੀਪਰ (ਉੱਕਾ-ਪੁੱਕਾ ਪ੍ਰਤੀ ਮਹੀਨਾ) | ਝਾੜੂ ਪੋਚੇ ਦੇ ਨਾਲ ਝਾੜ-ਪੂੰਜ ਦਾ ਕੰਮ ਵੀ ਕਰੇਗਾ। |
| 8 | ਚੌਕੀਦਾਰ | ਅੱਠਵੀਂ ਪਾਸ | 21-45 | 01 | 01 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 4500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਹਾਸਟਲ ਵਿਚ ਹਾਜ਼ਰ ਰਹੇਗਾ। |
| 9 | ਚਪੜਾਸੀ/ ਸੇਵਾਦਾਰ | ਅੱਠਵੀਂ ਪਾਸ | 21-45 | 01 | 01 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 4500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਦਿਨ ਸਮੇਂ ਹਾਸਟਲ ਵਿਚ ਹਾਜਰ ਰਹੇਗਾ। |
| | ਕੁੱਲ ਖਰਚਾ ਪ੍ਰਤੀ ਮਹੀਨਾ: | | | | | 33,500/- | 57,000/- | |

(iv) ਸਬੰਧਤ ਪਿੰਡ ਅਤੇ ਪਿੰਡਾਂ ਵਿੱਚ ਮੰਦਰ ਅਤੇ ਗੁਰਦੁਵਾਰਿਆਂ ਰਾਹੀਂ ਅਨਾਊਂਸਮੈਂਟ/ਮੁਨਾਦੀ ਵੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ। ਇਸ ਲਈ ਘੱਟੋ-ਘੱਟ ਸੱਤ ਦਿਨ ਦਾ ਸਮਾਂ ਦਿੱਤਾ ਜਾਵੇ। ਮੰਦਰ ਅਤੇ ਗੁਰਦੁਵਾਰਿਆਂ ਤੋਂ ਕਰਵਾਈ ਗਈ ਅਨਾਊਂਸਮੈਂਟ ਦਾ ਰਿਕਾਰਡ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀ ਆਪਣੀ ਮਤਾ- ਬੁੱਕ ਵਿੱਚ ਦਰਜ ਕਰਕੇ ਰੱਖੇਗੀ।

(v) ਪਾਰਟ ਟਾਈਮ ਇੰਨਸਟ੍ਰਕਟਰ ਸਾਇੰਸ, ਮੈਥ ਅਤੇ ਅੰਗਰੇਜ਼ੀ ਵਿਸ਼ੇ ਵਾਸਤੇ ਹੀ ਰੱਖੇ ਜਾਣਗੇ।

(vi) ਪਾਰਟ ਟਾਈਮ ਇੰਨਸਟ੍ਰਕਟਰ ਅਤੇ ਹੋਰ ਸਾਰੇ ਕਰਮਚਾਰੀਆਂ ਦੀ ਚੋਣ ਮੈਰਿਟ ਦੇ ਆਧਾਰ ਤੇ ਭਾਵ ਉਹਨਾਂ ਵੱਲੋਂ ਵੱਖ-ਵੱਖ ਪ੍ਰੀਖਿਆਵਾਂ/ ਡਿਗਰੀਆਂ/ਡਿਪਲੋਮੇਂ ਆਦਿ ਵਿੱਚ ਪ੍ਰਾਪਤ ਅੰਕਾਂ ਅਤੇ ਤਜਰਬੇ ਦੇ ਆਧਾਰ ਤੇ ਕੀਤੀ ਜਾਵੇਗੀ।

(vii) ਇਹ ਬਿਲਕੁੱਲ ਆਰਜੀ (stop gap arrangement) ਪ੍ਰਬੰਧ ਹੈ।

(viii) ਪਸਵਕ/ਸਸਵਕ/ਐਸ.ਐਮ.ਸੀ. ਵੱਲੋਂ ਇਹਨਾਂ ਕਰਮਚਾਰੀਆਂ ਦੀ ਨਿਯੁਕਤੀ/ਫਾਰਗੀ ਸਬੰਧੀ ਫੈਸਲੇ ਕਰਨ ਦੇ ਪੂਰੇ ਅਧਿਕਾਰ ਹਨ, ਇਹਨਾਂ ਦੇ ਕੰਮਕਾਜ ਦਾ ਨਿਰੀਖਣ/ਮੁਲਾਂਕਣ ਵੀ ਇਹਨਾਂ ਕਮੇਟੀਆਂ ਰਾਹੀਂ ਕੀਤਾ ਜਾਵੇਗਾ।

(ix) ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਕਰਮਚਾਰੀ ਦਾ ਕੰਮਕਾਜ ਜਾਂ ਕੰਡਕਟ ਠੀਕ ਨਾ ਹੋਵੇ ਜਾਂ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਨਾ ਰੱਖਿਆ ਜਾਵੇ ਤਾਂ ਇਸ ਬਾਰੇ ਵਿਭਾਗ/ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਉੱਚ ਅਧਿਕਾਰੀ ਵੀ ਇਹਨਾਂ ਕਰਮਚਾਰੀਆਂ ਵਿਰੁੱਧ ਕਾਰਵਾਈ ਕਰ ਸਕਦੇ ਹਨ।

**6.0** ਸਾਲ 2011-12 ਦੌਰਾਨ **KGBV** ਹਾਸਟਲਾਂ ਲਈ ਮੰਜੂਰ ਹੋਏ ਫੰਡ ਆਪ ਨੂੰ ਜਲਦ ਹੀ ਰਲੀਜ਼ ਕਰਵਾਏ ਜਾ ਰਹੇ ਹਨ। ਪਲਾਨ ਨੂੰ ਲਾਗੂ ਕਰਨ ਲਈ ਜਲਦ ਤੋਂ ਜਲਦ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੰਠ ਅੰਕਣ: 1/SSA/KGBV/2011/72585-72591 ਮਿਤੀ:16.05.2011

ਉਤਾਰਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੰਠ ਅੰਕਣ: 1/SSA/KGBV/2011/72592-72598 ਮਿਤੀ:16.05.2011

ਉਤਾਰਾ ਡਿਪਟੀ ਕਮਿਸ਼ਨਰ ਬਠਿੰਡਾ, ਫਿਰੋਜਪੁਰ, ਮਾਨਸਾ, ਮੁਕਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ KGBV Hostels ਸਬੰਧੀ ਲੋੜੀਂਦੀ ਕਾਰਵਾਈ ਜਲਦ ਤੋਂ ਜਲਦ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**